**International Journal of Research in Social Sciences**
Vol. 9 Issue 2, February 2019,
ISSN: 2249-2496 Impact Factor: 7.081
Journal Homepage: http://www.ijmra.us, Email: editorijmie@gmail.com
Double-Blind Peer Reviewed Refereed Open Access International Journal - Included in the International Serial Directories Indexed & Listed at: Ulrich's Periodicals Directory ©, U.S.A., Open J-Gate as well as in Cabell's Directories of Publishing Opportunities, U.S.A

# ਕੈਸੇ ਜੀਵਨੁ ਹੋਇ ਹਮਾਰਾ

**ਡਾ. ਹਰਬੰਸ ਸਿੰਘ,ਐਸੋਸਿਏਟ ਪ੍ਰੋਫੈਸਰ**
ਸ੍ਰੀ ਗੁਰੂ ਤੇਗ ਬਹਾਦਰ ਖਾਲਸਾ ਕਾਲਜ, ਦਿੱਲੀ ਯੂਨੀਵਰਸਿਟੀ
ਮੋਬਾਇਲ: 9990963211

ਮਨੁੱਖੀ ਜੀਵਨ ਨੂੰ ਚੰਗੀ ਤਰ੍ਹਾਂ ਜੀਉਣ ਲਈ ਕਿਸ ਤਰ੍ਹਾਂ ਦਾ ਆਦਰਸ਼ਕ ਜੀਵਨ, ਜੀਵਨ-ਮਨੋਰਥ, ਜੀਵਨ-ਜੁਗਤਾਂ, ਜੀਵਨ ਜੀਉਣ ਦੇ ਮਾਪ-ਦੰਡ, ਜੀਵਨ-ਮਾਰਗ ਦਰਸ਼ਨ ਹੋਣੇ ਚਾਹੀਦੇ ਹਨ ਇਸ ਉਪਰ ਵਿਚਾਰ ਚਰਚਾ ਆਦਿ ਕਾਲ ਤੋਂ ਹੁੰਦੀ ਆ ਰਹੀ ਹੈ। ਜੀਵਨ ਵਿਚ ਕਿਨ੍ਹਾਂ ਗੁਣਾਂ ਨੂੰ ਅਪਣਾਉਣਾ ਹੈ, ਕਿਨ੍ਹਾਂ ਪ੍ਰਵਿਰਤੀਆਂ ਨੂੰ ਤਿਆਗਣਾ ਹੈ, ਅਜਿਹੇ ਸਵਾਲਾਂ ਨਾਲ ਮਨੁੱਖ ਨਿਰੰਤਰ ਜੂਝਦਾ ਆ ਰਿਹਾ ਹੈ।

ਮੱਧਕਾਲ ਵਿਚ ਕੈਸੇ ਜੀਵਨ ਹੋਇ ਹਮਾਰਾ ਦਾ ਸਵਾਲ ਭਗਤ ਕਬੀਰ ਜੀ ਸਾਮ੍ਹਣੇ ਹੀ ਨਹੀਂ ਸਗੋਂ ਜਨ-ਸਮੂਹ ਸਾਮ੍ਹਣੇ ਵੀ ਚੁਣੌਤੀ ਬਣ ਖੜ੍ਹਾ ਹੋਇਆ ਸੀ। ਭਾਰਤੀ ਵਿਵਸਥਾ ਵਿਚ ਹਰ ਕੋਈ ਇਸ ਚੁਣੌਤੀ ਨਾਲ ਜੂਝ ਰਿਹਾ ਸੀ। ਮਨੁੱਖ ਦੀ ਪਹਿਲੀ ਚਾਹਤ ਹੁੰਦੀ ਹੈ ਕਿ ਉਸਦਾ ਜੀਵਨ ਭਰਪੂਰ ਖੇੜੇ ਵਾਲਾ, ਹਸਦਿਆਂ, ਖੇਲਦਿਆਂ, ਪੈਨਦਿਆਂ, ਖਾਓਦਿਆਂ ਇਜ਼ਤ-ਪਤ, ਮਾਣ-ਸਤਿਕਾਰ ਵਾਲਾ ਬਤੀਤ ਹੋਵੇ। ਮਨੁੱਖੀ ਜੀਵਨ ਵਧੇਰੇ ਕਰਕੇ ਇਸ ਦੇ ਵਿਪਰੀਤ ਸਥਿਤੀਆਂ ਵਿਚੋਂ ਹੀ ਗੁਜ਼ਰਦਾ ਹੈ।

ਸੁਖੁ ਮਾਂਗਤ ਦੁਖੁ ਆਗੈ ਆਵੈ॥
(ਗੁਰੂ ਗ੍ਰੰਥ ਸਾਹਿਬ,ਅੰਗ-330)[1]

ਨਰ ਚਾਹਤ ਕਛੁ ਅਉਰ ਅਉਰੈ ਕੀ ਅਉਰੈ ਭਈ॥
(ਗੁਰੂ ਗ੍ਰੰਥ ਸਾਹਿਬ, ਅੰਗ-1428)[2]

ਮਨੁੱਖੀ ਚਾਹਤ ਦੇ ਵਿਪਰੀਤ ਸਥਿਤੀਆਂ ਉਸਦੀ ਹੋਣੀ ਕਿਵੇਂ ਬਣ ਜਾਂਦੀਆਂ ਹਨ? ਉਹ ਜਨਮ ਜਨਮਾਂਤਰਾਂ ਤੋਂ ਇਸ ਹੋਣੀ ਵਿਚ ਕਿਉਂ ਵਿਚਰ ਰਿਹਾ ਹੈ। ਇੱਥੇ (ਇਸ ਜੀਵਨ ਵਿਚ) ਅਤੇ ਉੱਥੋਂ (ਪਰਮਾਤਮਾ ਦੇ ਦਰ ਤੇ) ਪੁੱਛ-ਪ੍ਰਤੀਤ ਕਿਉਂ ਨਹੀਂ ਹੁੰਦੀ। ਉਸਦੀ ਇੱਜ਼ਤ-ਪਤ, ਸਵੈ-ਮਾਣ, ਅਣਖ, ਸਵੈ-ਸੁਤੰਤਰਤਾ ਕਿਵੇਂ ਹੋਣੀ ਦੀ ਭੇਟ ਚੜ੍ਹ ਜਾਂਦੀ ਹੈ। ਮਨੁੱਖ ਇਸ ਹੋਣੀ ਵਿਚ ਕਿਉਂ ਘਿਰ ਜਾਂਦਾ ਹੈ।ਜਦੋਂ ਗੁਰਮਤਿ ਦ੍ਰਿਸ਼ਟੀ ਅਨੁਸਾਰ ਇਸ ਹੋਣੀ ਦੇ ਉੱਤਰ ਵੱਲ ਧਿਆਨ ਜਾਂਦਾ ਹੈ ਉਦੋਂ ਸਹਿਜੇ-ਸਹਿਜੇ ਸਥਿਤੀ ਸਪਸ਼ਟ ਹੋਣ ਲੱਗਦੀ ਹੈ।ਗੁਰਮਤਿ ਅਨੁਸਾਰ ਮਨੁੱਖ ਦਾ ਆਪਣੇ ਮੂਲ ਨਾਲੋਂ ਟੁੱਟ ਕੇ ਮਾਇਆ ਨਾਲ

ਜੁੜਨਾ ਇਸ ਗੱਲ ਦਾ ਸੂਚਕ ਹੈ ਕਿ ਮਾਇਆ, ਸੱਚ ਨਾਲੋਂ ਮਨ ਨੂੰ ਤੋੜ ਕੇ ਕੂੜ (ਝੂਠ) ਨਾਲ ਉਸਦਾ ਸਬੰਧ ਜੋੜ ਦਿੰਦੀ ਹੈ।

ਲਿਵ ਛੁੜਕੀ ਲਗੀ ਤ੍ਰਿਸਨਾ ਮਾਇਆ ਅਮਰੁ ਵਰਤਾਇਆ॥
ਏਹੁ ਮਾਇਆ ਜਿਤੁ ਹਰਿ ਵਿਸਰੈ ਮੋਹੁ ਉਪਜੈ ਭਾਉ ਦੂਜਾ ਲਾਇਆ॥
(ਗੁਰੂ ਗ੍ਰੰਥ ਸਾਹਿਬ,ਅੰਗ-921)[3]

ਮਨੁੱਖੀ ਮਨ ਦਾ ਸੱਚੇ ਸ਼ਬਦ ਨਾਲੋਂ (ਲਿਵ ਟੁੱਟਣ ਕਾਰਣ) ਸਬੰਧ ਟੁੱਟ ਗਿਆ। ਉਹ ਬਾਹਰਮੁਖੀ ਹੋ ਕੇ ਆਪਣੇ ਆਲੇ-ਦੁਆਲੇ ਦੀਆਂ ਅਸਥੂਲ ਰੂਪੀ ਚੀਜਾਂ ਨਾਲ ਪਿਆਰ ਕਰਨ ਦਾ ਆਦੀ ਹੋ ਗਿਆ।ਮਨੁੱਖੀ ਮਾਨਸਿਕਤਾ ਆਪਣੇ ਤੇ ਦੂਸਰੇਪਣ ਦੇ ਦਵੰਦ ਵਿਚ ਵੰਡੀ ਜਾਂਦੀ ਹੈ।

ਮਾਇਆ ਬਿਆਪਤ ਬਹੁ ਪਰਕਾਰੀ॥
(ਗੁਰੂ ਗ੍ਰੰਥ ਸਾਹਿਬ, ਅੰਗ-182)[4]

ਮਾਇਆ ਮੋਹੁ ਇਸੁ ਮਨਹਿ ਨਚਾਏ ਅੰਤਰਿ ਕਪਟੁ ਦੁਖੁ ਪਾਵਣਿਆ॥

(ਗੁਰੂ ਗ੍ਰੰਥ ਸਾਹਿਬ, ਅੰਗ -121)[5]

ਮਨੁੱਖ ਮਾਇਕ ਵਿਚਾਰਾਂ ਵਿਚ ਇੰਨ੍ਹਾਂ ਉਲਝ ਜਾਂਦਾ ਹੈ ਕਿ ਉਸ ਅੰਦਰ ਅਗਿਆਨਤਾ ਇੰਨ੍ਹੀ ਵੱਧ ਜਾਂਦੀ ਹੈ ਕਿਦੂਜੇ ਮਨੁੱਖ ਨੂੰ ਆਪਣੇ ਅਨੁਸਾਰ ਚਲਾਉਣਾ ਚਾਹੁੰਦਾ ਹੈ ਭਾਵ ਉਸ ਨੂੰ ਲਗਦਾ ਹੈ ਕਿ ਹਰ ਮਨੁੱਖ ਹੁਣ ਮੇਰਾ ਹੀ ਹੁਕਮ ਮੰਨੇ।

ਹੁਕਮੁ ਕਰਹਿ ਮੂਰਖ ਗਾਵਾਰ॥
(ਗੁਰੂ ਗ੍ਰੰਥ ਸਾਹਿਬ, ਅੰਗ-1169)[6]

ਮਿਲਿ ਮਾਇਆ ਸੁਰਤਿ ਗਵਾਈ॥

( ਗੁਰੂ ਗ੍ਰੰਥ ਸਾਹਿਬ, ਅੰਗ-989)[7]

ਮਨੁੱਖ ਇਹ ਵੀ ਜਾਣਦਾ ਹੈ ਕਿ ਇਹ ਮਾਇਆ ਬਹੁਤਾ ਸਾਥ ਦੇਣ ਵਾਲੀ ਨਹੀਂ ਸਗੋਂ ਕਿਸ ਸਮੇਂ ਸਾਥ ਛੱਡ ਜਾਏ ਕੋਈ ਵਿਸ਼ਵਾਸ ਨਹੀਂ ਪਰ ਇਸ ਦੇ ਮੋਹ ਤੋਂ ਫਿਰ ਵੀ ਮੁਕਤ ਨਹੀਂ ਹੁੰਦਾ।

ਇਹ ਮਾਇਆ ਕੀ ਸੋਭਾ ਚਾਰਿ ਦਿਹਾੜੇ ਜਾਦੀ ਬਿਲਮੁ ਨ ਹੋਇ॥

(ਗੁਰੂ ਗ੍ਰੰਥ ਸਾਹਿਬ, ਅੰਗ-429)[7]

**International Journal of Research in Social Sciences**
Vol. 9 Issue 2, February 2019,
ISSN: 2249-2496 Impact Factor: 7.081
Journal Homepage: http://www.ijmra.us, Email: editorijmie@gmail.com
Double-Blind Peer Reviewed Refereed Open Access International Journal - Included in the International Serial Directories Indexed & Listed at: Ulrich's Periodicals Directory ©, U.S.A., Open J-Gate as well as in Cabell's Directories of Publishing Opportunities, U.S.A

ਮਾਇਆ ਖੋਟੀ ਰਾਸਿ ਹੈ ਏਕ ਚਸੇ ਮਹਿ ਪਾਜੁ ਲਹਿ ਜਾਇ॥
ਹਥਹੁ ਛੁੜਕੀ ਤਨੁ ਸਿਆਹੁ ਹੋਇ ਬਦਨੁ ਜਾਇ ਕੁਮਲਾਇ॥

(ਗੁਰੂ ਗ੍ਰੰਥ ਸਾਹਿਬ ਅੰਗ-510)[8]

ਮਨੁੱਖ ਫਿਰ ਵੀ ਤ੍ਰੈ ਗੁਣਾਂ ਦਾ ਸਾਥ ਮਾਣਦਾ ਹੈ। ਇਹ ਜਾਣਦੇ ਹੋਏ ਕਿ ਇਹ ਵੱਡਾ ਰੋਗ ਹੈ, ਇਸ ਨੇ ਸਾਡੀ ਸੁਰਤ ਨੂੰ ਹਰ ਲਿਆ, ਫਿਰ ਵੀ ਮਨੁੱਖ ਮਾਇਆ ਵਿਚ ਇੰਨ੍ਹਾਂ ਰਚ-ਮਿਚ ਗਿਆ ਕਿ ਇਹ ਸਰੀਰ ਮਾਇਆ ਦਾ ਪੁਤਲਾ ਬਣ ਕੇ ਰਹਿ ਗਿਆ।

ਇਹੁ ਸਰੀਰੁ ਮਾਇਆ ਕਾ ਪੁਤਲਾ ਵਿਚਿ ਹਉਮੈ ਦੁਸਟੀ ਪਾਈ॥
ਆਵਣੁ ਜਾਣਾ ਜੰਮਣੁ ਮਰਣਾ ਮਨਮੁਖਿ ਪਤਿ ਗਵਾਈ॥
(ਗੁਰੂ ਗ੍ਰੰਥ ਸਾਹਿਬ, ਅੰਗ-31)[9]

ਮਨੁੱਖ ਮਾਇਆ ਦਾ ਸਾਥੀ ਬਣ ਗਿਆ, ਸੱਚੀ ਪ੍ਰੀਤ ਦੀ ਸੁੱਧ-ਬੁੱਧ ਹੀ ਨਹੀਂ ਰਹੀ ਅਤੇ ਇਉਂ ਦੁੱਖਾਂ ਵਿਚ ਘਿਰ ਗਿਆ।

ਮਾਇਆ ਮੋਹ ਪਰੀਤਿ ਧ੍ਰਿਗੁ ਸੁਖੀ ਨ ਦੀਸੈ ਕੋਇ॥
(ਗੁਰੂ ਗ੍ਰੰਥ ਸਾਹਿਬ, ਅੰਗ-47)[10]

ਉਹ ਅਸਥੂਲ ਵਸਤੂਆਂ ਰਾਹੀਂ ਅਨੰਦ-ਸੁੱਖ ਮਾਨਣ ਦੇ ਭੁਲੇਖੇ ਵਿਚ ਪੈ ਗਿਆ। ਆਪਣੇ ਅਸਲੀ ਕਰਤੱਵ ਨੂੰ ਭੁੱਲ ਗਿਆ।

ਮਨੁ ਭੂਲੋ ਮਾਇਆ ਘਰਿ ਜਾਇ॥

(ਗੁਰੂ ਗ੍ਰੰਥ ਸਾਹਿਬ,-ਅੰਗ-222)[11]

ਮਨੁ ਸੋਇਆ ਮਾਇਆ ਬਿਸਮਾਦਿ॥
(ਗੁਰੂ ਗ੍ਰੰਥ ਸਾਹਿਬ ਅੰਗ-182)[12]

ਇਸ ਤਰ੍ਹਾਂ ਮਨੁੱਖ ਮਾਇਆ ਦੇ ਦੇਸ਼ ਵਿਚ ਆ ਕੇ ਆਪਾ ਭੁੱਲ ਗਿਆ ਤੇ ਸਮਝਣ ਲਗਾ ਕਿ ਉਸ ਨੇ ਸਦਾ ਇੱਥੇ ਹੀ ਰਹਿਣਾ ਹੈ।

**International Journal of Research in Social Sciences**
Vol. 9 Issue 2, February 2019,
ISSN: 2249-2496 Impact Factor: 7.081
Journal Homepage: http://www.ijmra.us, Email: editorijmie@gmail.com
Double-Blind Peer Reviewed Refereed Open Access International Journal - Included in the International Serial Directories Indexed & Listed at: Ulrich's Periodicals Directory ©, U.S.A., Open J-Gate as well as in Cabell's Directories of Publishing Opportunities, U.S.A

ਜੋ ਘਰੁ ਛਡਿ ਗਵਾਵਣਾ ਸੋ ਲਗਾ ਮਨ ਮਾਹਿ॥

(ਗੁਰੂ ਗ੍ਰੰਥ ਸਾਹਿਬ, ਅੰਗ-43)[13]

ਇਸ ਮਾਇਆ ਦੇ ਨਾਲ ਮਨੁੱਖ ਇੰਨ੍ਹਾਂ ਜੁੜ ਗਿਆ ਕਿ ਇਸ ਨੂੰ ਛੱਡਣਾ ਹੀ ਨਹੀਂ ਚਾਹੁੰਦਾ ਕਿਉਂਕਿ ਸੱਚ ਤੋਂ ਇੰਨ੍ਹਾਂ ਦੂਰ ਹੋ ਗਿਆ ਕਿ ਹੁਣ ਸੱਚ ਦੀ ਧੁਨੀ,ਅਵਾਜ ਦੀ ਪਛਾਣ ਹੀ ਭੁੱਲ ਗਈ।

ਰਾਜਿ ਰੰਗੁ ਮਾਲਿ ਰੰਗੁ॥

ਰੰਗਿ ਰਤਾ ਨਚੈ ਨੰਗੁ॥

ਨਾਨਕ ਠਗਿਆ ਮੁਠਾ ਜਾਇ॥

ਵਿਣੁ ਨਾਵੈ ਪਤਿ ਗਇਆ ਗਵਾਇ॥

(ਗੁਰੂ ਗ੍ਰੰਥ ਸਾਹਿਬ ਅੰਗ-142)[14]

ਮਨੁੱਖ ਨੂੰ ਪੱਤ (ਇੱਜਤ) ਵਾਲੇ ਜੀਵਨ ਨੇ ਹੀ ਸੁਖਦਾਈ ਬਣਾਉਣਾ ਸੀ। ਉਹ ਪੱਤ ਗਵਾ ਕੇ ਗੁਲਾਮੀ ਵਾਲਾ ਜੀਵਨ ਜਿਉਂ ਰਿਹਾ ਹੈ। ਉਹ ਰਾਜ-ਰੰਗ, ਮਾਲ-ਰੰਗ ਵਿਚ ਨਿਸੰਗ ਹੋਕੇ ਨੱਚਣ ਲਗ ਪਿਆ। ਮਨੁੱਖੀ ਆਦਰਸ਼ਾਂ ਤੇ ਆਤਮਕ ਕੀਮਤਾਂ ਨੂੰ ਭੁੱਲ ਕੇ ਪੱਤ ਦਾ ਜੀਵਨ ਗਵਾ ਬੈਠਾ। ਇੱਥੋਂ ਤੱਕ ਆਪਣਾ ਧਰਮ, ਸਭਿਆਚਾਰ, ਬੋਲੀ, ਪਹਿਰਾਵਾ, ਅੱਣਖ, ਮਾਣ-ਮਰਿਆਦਾ, ਸਵੈ-ਆਜ਼ਾਦੀ, ਸਭ ਕੁਝ ਗਵਾ ਬੈਠਾ।

ਜਦੋਂ ਸੰਤਾਂ-ਭਗਤਾਂ, ਬ੍ਰਹਮ-ਗਿਆਨੀਆਂ, ਗੁਰੂ ਸਾਹਿਬਾਨਾਂ ਨੇ ਗੰਭੀਰਤਾ ਨਾਲ ਦੇਖਿਆ, ਚਾਰੇ ਪਾਸੇ ਇਹ ਸਮੱਸਿਆ ਗੰਭੀਰ ਰੂਪ ਧਾਰਣ ਕਰ ਚੁੱਕੀ ਹੈ। ਭਾਰਤੀ ਲੋਕ ਭਗਤੀ ਤੇ ਸ਼ਕਤੀ ਹੀਣ ਹੋ ਚੁੱਕੇ ਸਨ। ਇਨ੍ਹਾਂ ਦੀ ਆਪਣੀ ਰਹਿਣੀ-ਬਹਿਣੀ, ਕਰਨੀ-ਕਥਨੀ, ਰਾਜਸੀ, ਸਮਾਜਕ, ਸਭਿਆਚਾਰਕ ਦਸ਼ਾ ਤੇ ਦਿਸ਼ਾ ਹੀ ਬਦਲੀ ਹੋਈ ਸੀ। ਭਾਰਤੀਆਂ ਨੂੰਦਿਸ਼ਾ ਕੌਣ ਦੇਵੇ ? ਇਹ ਤਾਂ ਪਹਿਲਾਂ ਹੀ ਪੱਤ-ਹੀਨ ਹੋ ਚੁਕੇ ਹਨ।

ਕਾਦੀ ਕੂੜੁ ਬੋਲਿ ਮਲੁ ਖਾਇ॥

ਬ੍ਰਾਹਮਣੁ ਨਾਵੈ ਜੀਆ ਘਾਇ॥

ਜੋਗੀ ਜੁਗਤਿ ਨ ਜਾਣੈ ਅੰਧੁ॥

ਤੀਨੇ ਓਜਾੜੇ ਕਾ ਬੰਧੁ॥

(ਗੁਰੂ ਗ੍ਰੰਥ ਸਾਹਿਬ, ਅੰਗ-662)[15]

ਜਦੋਂ ਗੁਰੂ ਸਾਹਿਬਾਨ, ਭਗਤਾਂ ਨੇ ਇਸ ਸਮੱਸਿਆ ਨੂੰ ਗੰਭੀਰਤਾ ਨਾਲ ਵਿਚਾਰਿਆ ਤਾਂ ਸਮਝਿਆ ਕਿ ਇਹ ਕੇਵਲ

ਹਿੰਦੁਸਤਾਨ ਵਿਚ ਹੀ ਨਹੀਂ ਸਗੋਂ ਸਾਰੇ ਜਗਤ ਵਿਚ ਇਸ ਅਗਿਆਨਤਾ ਦਾ ਪ੍ਰਭਾਵ ਹੈ।

ਫਰੀਦਾ ਮੈ ਜਾਨਿਆ ਦੁਖੁ ਮੁਝ ਕੂ ਦੁਖੁ ਸਬਾਇਐ ਜਗਿ॥

ਉਚੇ ਚੜਿ ਕੈ ਦੇਖਿਆ ਤਾਂ ਘਰਿ ਘਰਿ ਏਹਾ ਅਗਿ॥

(ਗੁਰੂ ਗ੍ਰੰਥ ਸਾਹਿਬ ਅੰਗ-1382)[16]

ਭਾਈ ਗੁਰਦਾਸ ਜੀ ਅਨੁਸਾਰ ਗੁਰੂ ਨਾਨਕ ਦੇਵ ਜੀ ਇਸ ਸਮੱਸਿਆ ਬਾਰੇ ਅੰਤਰ-ਧਿਆਨ ਹੋਕੇ ਦੇਖਦੇ ਹਨ ਕਿ ਮਾਇਆ ਦੀ ਇਸ ਅੱਗ ਨੇ ਸਾਰੇ ਸੰਸਾਰ ਨੂੰ ਆਪਣੇ ਕਲਾਵੇ ਵਿਚ ਲਿਆ ਹੋਇਆ ਹੈ।

ਬਾਬਾ ਦੇਖੈ ਧਿਆਨੁ ਧਰਿ ਜਲਤੀ ਸਭਿ ਪ੍ਰਿਥਵੀ ਦਿਸਿ ਆਈ॥
(ਭਾਈ ਗੁਰਦਾਸ ਜੀ ਦੀ ਵਾਰ ਪਹਿਲੀ)[17]

ਇਸ ਦੁਖਦਾਈ ਦਸ਼ਾ ਦਾ ਕਾਰਣ ਮਨੁੱਖਤਾ 'ਤੇ ਉਸਦੇ ਆਗੂਆਂ ਵਿਚ ਸੱਚ ਦੇ ਅਹਿਸਾਸ ਦਾ ਖਤਮ ਹੋਣਾ ਹੈ।

ਸਰਮੁ ਧਰਮੁ ਦੁਇ ਛਪਿ ਖਲੋਏ ਕੂੜੁ ਫਿਰੈ ਪਰਧਾਨੁ ਵੇ ਲਾਲੋ॥
(ਗੁਰੂ ਗ੍ਰੰਥ ਸਾਹਿਬ, ਅੰਗ-722)[18]

ਕਾਜੀਆ ਬਾਮਣਾ ਕੀ ਗਲ ਥਕੀ ਅਗਦੁ ਪੜੈ ਸੈਤਾਨੁ ਵੇ ਲਾਲੋ॥
ਮੁਸਲਮਾਨੀਆ ਪੜਹਿ ਕਤੇਬਾ ਕਸਟ ਮਹਿ ਕਰਹਿ ਖੁਦਾਇ ਵੇ ਲਾਲੋ॥
ਜਾਤਿ ਸਨਾਤੀ ਹੋਰਿ ਹਿਦਵਾਣੀਆ ਏਹਿ ਭੀ ਲੇਖੈ ਲਾਇ ਵੇ ਲਾਲੋ॥
(ਗੁਰੂ ਗ੍ਰੰਥ ਸਾਹਿਬ ਅੰਗ-722)[19]

ਖਤ੍ਰੀਆ ਤ ਧਰਮੁ ਛੋਡਿਆ ਮਲੇਛ ਭਾਖਿਆ ਗਹੀ॥
(ਗੁਰੂ ਗ੍ਰੰਥ ਸਾਹਿਬ ਅੰਗ-663)[20]
ਅੰਤਰਿ ਪੂਜਾ ਪੜਹਿ ਕਤੇਬਾ ਸੰਜਮੁ ਤੁਰਕਾ ਭਾਈ॥
(ਗੁਰੂ ਗ੍ਰੰਥ ਸਾਹਿਬ ਅੰਗ-471)[21]

ਸਰਮ ਧਰਮ ਕਾ ਡੇਰਾ ਦੂਰਿ॥
ਨਾਨਕ ਕੂੜੁ ਰਹਿਆ ਭਰਪੂਰਿ॥
(ਗੁਰੂ ਗ੍ਰੰਥ ਸਾਹਿਬ ,ਅੰਗ-471)[22]

ਇਸ ਤਰ੍ਹਾਂ ਇਹ ਆਗੂ ਆਪਣੀ ਅਤੇ ਜਨ-ਮਾਨਸ ਦੀ ਬੇਪੱਤੀ ਦੇ ਜ਼ਿੰਮੇਵਾਰ ਖ਼ੁੱਦ ਸਨ। ਕਿਵੇਂ ਬੇ-ਪੱਤ ਜੀਵਨ ਵਿਚ ਆਪਣੀਆਂ ਧਰਮ ਪੁਸਤਕਾਂ ਤੋਂ ਮੂੰਹ ਮੋੜ ਲੈਂਦੇ ਹਨ, ਕਿਵੇਂ ਆਪਣੇ ਧਾਰਮਿਕ ਤੇ ਪੂਜਾ ਦੇ ਤਰੀਕਿਆਂ ਤੋਂ ਬੇ-ਮੁੱਖ ਹੋ ਜਾਂਦੇ ਹਨ, ਕਿਵੇਂ ਕੋਈ ਬੇ-ਅਣਖ ਹੀ ਆਪਣੇ ਪਹਿਰਾਵੇ ਤੋਂ ਨੱਕ ਚੜਾ ਸਕਦਾ ਹੈ, ਕਿਵੇਂ ਕੋਈ ਬੇ-ਅਣਖ ਹੀ ਅਭਾਖਿਆ ਕਾ ਕੁੱਠਾ ਬੱਕਰਾ ਖਾ ਸਕਦਾ ਹੈ, ਕਿਵੇਂ ਤਨਾਓ ਭਰੀ ਜ਼ਿੰਦਗੀ ਵਿਚ ਵਿਚਰਦਾ ਹੋਇਆ ਉਹ ਆਪਣੀ ਹੋਣੀ ਭੋਗਦਾ ਹੈ, ਕੀ ਇਸ ਬੇਵਸੀ-ਨਿਰਾਸਤਾ ਤੋਂ ਆਜ਼ਾਦ ਹੋਇਆ ਜਾ ਸਕਦਾ ਹੈ ਜਾਂ ਆਤਮ ਸਮਰਪਣ ਹੀ ਅਖੀਰਲਾ ਰਾਹ ਹੈ?

ਕਲਿ ਕਾਤੀ ਰਾਜੇ ਕਸਾਈ ਧਰਮੁ ਪੰਖ ਕਰਿ ਉਡਰਿਆ॥
(ਗੁਰੂ ਗ੍ਰੰਥ ਸਾਹਿਬ, ਅੰਗ-560)[23]

ਇਸ ਸਥਿਤੀ ਵਿਚੋ ਬਾਹਰ ਆਓਣ ਲਈ ਮਨੁੱਖ ਨੇ ਹੁਕਮ ਨੂੰ ਸਮਝ ਕੇ ਉਸ ਨਾਲ ਆਪਣਾ ਸੰਬੰਧ ਜੋੜਨਾ :

ਨਾਨਕ ਹੁਕਮੈ ਜੇ ਬੁਝੈ ਤ ਹਉਮੈ ਕਹੈ ਨ ਕੋਇ॥
(ਗੁਰੂ ਗ੍ਰੰਥ ਸਾਹਿਬ, ਜਪੁਜੀ ਸਾਹਿਬ-ਅੰਗ-1)[24]

ਜਿਵੇਂ-ਜਿਵੇਂ ਮਨੁੱਖ ਹੁਕਮ ਨੂੰ ਸਮਝਦਾ ਜਾਏਗਾ ਉਵੇਂ-ਉਵੇਂ ਉਸਦੀ ਸੁਰਤਿ, ਮਨੁ, ਮਤ-ਬੁਧ ਉਪਰੋਂ ਹਉਮੈ ਦਾ ਪਰਦਾ ਹੱਟਦਾ ਜਾਏਗਾ। ਮਨੁੱਖੀ ਮਨ (ਗੁਰਮੁਖ) ਨੂੰ ਚਾਹੀਦਾ ਹੈ ਕਿ ਗੁਰਮੰਤਰ ਰਾਹੀਂ ਜਾਗਤ ਅਵਸਥਾ ਬਣਾਵੇ। ਆਪਣੀ ਖੋਈ ਸੁਰਤ ਵਾਪਸ ਲਿਆਵੇ। ਭਾਈ ਗੁਰਦਾਸ ਅਨੁਸਾਰ ਵਾਹਿਗੁਰੂ ਸ਼ਬਦ ਗੁਰਮੰਤਰ ਹੈ। ਇਸ ਵਿਧੀ ਰਾਹੀਂ ਇਹ ਪਰਿਵਰਤਨ ਹੋ ਸਕਦਾ ਹੈ।

ਵਾਹਿਗੁਰੂ ਗੁਰਮੰਤ੍ਰ ਹੈ ਜਪਿ ਹਉਮੈ ਖੋਈ॥
(ਭਾਈ ਗੁਰਦਾਸ ਜੀ)[25]

ਗੁਰਬਾਣੀ ਦਾ ਫੁਰਮਾਨ ਹੈ ਕਿ ਮਾਇਆ ਦੇ ਪ੍ਰਭਾਵ ਤੋਂ ਮੁਕਤ ਹੋਣ ਲਈ ਮਨ ਨੂੰ ਵਾਰ-ਵਾਰ ਸਿਮਰਣ ਨਾਲ ਜੋੜ ਕੇ ਬੀਜ-ਮੰਤ੍ਰ ਨੂੰ ਦ੍ਰਿੜ੍ਹ ਕਰਨਾ ਹੈ।

ਬੀਜ ਮੰਤ੍ਰ ਸਰਬ ਕੋ ਗਿਆਨੁ॥
(ਗੁਰੂ ਗ੍ਰੰਥ ਸਾਹਿਬ ,ਅੰਗ-274)[26]

ਬੀਜ ਮੰਤ੍ਰ ਹਰਿ ਕੀਰਤਨੁ ਗਾਉ॥
ਆਗੈ ਮਿਲੀ ਨਿਥਾਵੈ ਥਾਉ॥

(ਗੁਰੂ ਗ੍ਰੰਥ ਸਾਹਿਬ,ਅੰਗ-891)[27]

ਮਨੁੱਖੀ ਮਨ ਜਦੋਂ ਗੁਰੂ ਜੀ ਦੀ ਸ਼ਰਨ ਵਿਚ ਚਲਾ ਜਾਂਦਾ ਹੈ ਤਾਂ ਸਾਡਾ ਕਾਲ-ਜਾਲ ਤੇ ਭਰਮ ਦਾ ਪਰਦਾ ਲਹਿ ਜਾਂਦਾ ਹੈ ਤੇ ਮਨੁੱਖੀ ਮਨ ਸੂਖਮ ਨੂੰ ਪਛਾਣਨ ਲਗ ਪੈਂਦਾ ਹੈ-

ਗੁਰ ਪੂਰੇ ਕੀ ਚਰਣੀ ਲਾਗੁ॥
ਜਨਮ ਜਨਮ ਕਾ ਸੋਇਆ ਜਾਗੁ॥
(ਗੁਰੂ ਗ੍ਰੰਥ ਸਾਹਿਬ, ਅੰਗ-891)[28]

ਮਨੁੱਖੀ ਮਨ ਜਦੋਂ ਆਵਾਜ਼ (ਅਨਹਦ-ਧੁਨ) ਵਿਚ ਧਿਆਨ ਰੱਖਕੇ ਸਿਮਰਨ ਕਰਦਿਆਂ ਹੋਇਆਂ ਸਹਿਜ ਵਿਚ ਜਾਂਦਾ ਹੈ, ਉਸਨੂੰ ਸੱਚ ਦੀ ਆਵਾਜ਼ ( ਅਨਹਦ-ਧੁਨ) ਸੁਣਨ ਲਗਦੀ ਹੈ ਤੇ ਉਸਨੂੰ ਸ਼ਬਦ ਦੀ ਸਮਝ ਆਉਣ ਲਗਦੀ ਹੈ।

ਕਾਮੁ ਕ੍ਰੋਧੁ ਅਹੰਕਾਰੁ ਨਿਵਾਰੈ ਗੁਰ ਕੈ ਸਬਦਿ ਸੁ ਸਮਝ ਪਰੀ॥
(ਗੁਰੂ ਗ੍ਰੰਥ ਸਾਹਿਬ, ਅੰਗ-939)[29]

,
ਮਨੁ ਤਨੁ ਧੋਵਹਿ ਸਬਦਿ ਵੀਚਾਰੀ॥
(ਗੁਰੂ ਗ੍ਰੰਥ ਸਾਹਿਬ, ਅੰਗ-1059)[30]

ਗੁਰਸ਼ਬਦ ਨੂੰ ਦ੍ਰਿੜ੍ਹ ਕਰਨ ਨਾਲ ਹੀ ਮਨੁੱਖੀ ਮਨ ਈਰਖਾ ਅਤੇ ਦਵੈਤ ਤੋਂ ਰਹਿਤ ਹੋ ਸਕਦਾ ਹੈ ਤੇ ਮਨ ਤ੍ਰੈ-ਗੁਣਾਂ ਤੋਂ ਮੁਕਤ ਹੋ ਜਾਂਦਾ ਹੈ। ਜਿੰਨ੍ਹੀ ਦੇਰ ਤਕ ਮਨ ਵਿਚ ਭਰਮ, ਸ਼ੰਕੇ ਹਨ ਓਨੀ ਦੇਰ ਤੱਕ ਮਨੁੱਖੀ ਮਨ ਮੁਕਤ ਨਹੀਂ ਹੁੰਦਾ। ਭਰਮ ਦੇ ਗੜ੍ਹ ਨੂੰ ਤੋੜਨ ਵਾਸਤੇ ਸਿਮਰਨ-ਦ੍ਰਿੜ ਕਰਨਾ ਜ਼ਰੂਰੀ ਹੈ।

ਗੁਰ ਸਬਦੁ ਦ੍ਰਿੜਾਇਆ ਪਰਮ ਪਦ ਪਾਇਆ ਦੁਤੀਅ ਗਏ ਸੁਖ ਹੋਉ॥
(ਗੁਰੂ ਗ੍ਰੰਥ ਸਾਹਿਬ, ਅੰਗ-535)[31]

ਰਾਮੁ ਸਿਮਰਿ ਰਾਮੁ ਸਿਮਰਿ ਇਹੈ ਤੇਰੈ ਕਾਜਿ ਹੈ॥
ਮਾਇਆ ਕੋ ਸੰਗੁ ਤਿਆਗੁ ਪ੍ਰਭ ਜੂ ਕੀ ਸਰਨਿ ਲਾਗੁ॥
(ਗੁਰੂ ਗ੍ਰੰਥ ਸਾਹਿਬ, ਅੰਗ-1352)[32]

**International Journal of Research in Social Sciences**
Vol. 9 Issue 2, February 2019,
ISSN: 2249-2496 Impact Factor: 7.081
Journal Homepage: http://www.ijmra.us, Email: editorijmie@gmail.com
Double-Blind Peer Reviewed Refereed Open Access International Journal - Included in the International Serial Directories Indexed & Listed at: Ulrich's Periodicals Directory ©, U.S.A., Open J-Gate as well as in Cabell's Directories of Publishing Opportunities, U.S.A

ਗੁਰ ਮਿਲਿ ਜੀਤਾ ਹਰਿ ਹਰਿ ਕੀਤਾ ਤੂਟੀ ਭੀਤਾ ਭਰਮ ਗੜਾ॥

(ਗੁਰੂ ਗ੍ਰੰਥ ਸਾਹਿਬ, ਅੰਗ-453)[33]

ਇਸ ਤਰ੍ਹਾਂ ਭਰਮ ਦੇ ਗੜ੍ਹ ਨੂੰ ਤੋੜ ਕੇ ਦਵੈਤ ਨੂੰ ਖਤਮ ਕਰਨਾ ਹੈ। ਇਸ ਲਈ ਗੁਰਮੰਤਰ ਨਾਮ ਤੇ ਸੱਚ ਦ੍ਰਿੜ੍ਹ ਕਰਕੇ ਮਨ ਨੂੰ ਏਨਾ ਪਰਪੱਕ ਕਰਨਾ ਹੁੰਦਾ ਹੈ ਕਿ ਉਹ ਨਿਰਭਉ ਹੋ ਜਾਵੇ ਅਤੇ ਕਾਲ ਦਾ ਭੈਅ ਖਤਮ ਕਰਕੇ ਨਿਰਵੈਰ ਹੋ ਕੇ ਪਰਮਾਤਮਾ ਦਾ ਰੂਪ ਬਣ ਜਾਵੇ।

ਭੈ ਨਿਰਭਉ ਹਰਿ ਅਟਲੁ ਮਨਿ ਸਬਦਿ ਗੁਰ ਨੇਜਾ ਗਾਡਿਓ॥
ਕਾਮ ਕ੍ਰੋਧ ਲੋਭ ਮੋਹ ਅਪਤੁ ਪੰਚ ਦੂਤ ਬਿਖੰਡਿਓ॥
(ਗੁਰੂ ਗ੍ਰੰਥ ਸਾਹਿਬ,ਅੰਗ-1396)[34]

ਇਸ ਵਿਧੀ ਰਾਹੀਂ ਪੰਜੇ ਇੰਦ੍ਰੀਆਂ ਵਸ ਆ ਜਾਣ ਗੀਆਂ। ਮਨ ਵਿਚ ਖੇੜਾ ਪ੍ਰਕਾਸ਼ ਬਸ ਜਾਵੇਗਾ।

ਗੁਰਮਤਿ ਪੰਚ ਦੂਤ ਵਸਿ ਆਵਹਿ ਮਨਿ ਤਨਿ ਹਰਿ ਉਮਾਹਾ ਰਾਮ॥
(ਗੁਰੂ ਗ੍ਰੰਥ ਸਾਹਿਬ, ਅੰਗ-699)[35]

ਪੰਜੇ ਬਧੇ ਮਹਾਬਲੀ ਕਰਿ ਸਚਾ ਢੋਆ॥
(ਗੁਰੂ ਗ੍ਰੰਥ ਸਾਹਿਬ, ਅੰਗ-1193)[36]

ਇਸ ਤਰ੍ਹਾਂ ਮਨੁੱਖੀ ਮਨ ਹੁਕਮ ਵਿਚ ਆ ਜਾਂਦਾ ਹੈ ਅਤੇ ਉਹ ਦੁਖ, ਕਲੇਸ਼, ਦਵੈਤ, ਈਰਖਾ, ਨਿੰਦਾ, ਚੁਗਲੀ, ਲੜਾਈ-ਝਗੜਿਆਂ ਤੋਂ ਬਾਹਰ ਆ ਜਾਂਦਾ ਹੈ। ਹੁਣ ਹਉਮੈ ਖ਼ਤਮ ਹੋ ਜਾਂਦੀ ਹੈ। ਪਰਮਾਤਮਾ ਮਨੁੱਖੀ ਮਨ ਨੂੰ ਸਾਬਾਸ਼ੀ ਦਿੰਦਾ ਹੈ।

ਜੋ ਜਨ ਹਰਿ ਪ੍ਰਭ ਹਰਿ ਹਰਿ ਸਰਣਾ
ਤਿਨ ਦਰਗਹ ਹਰਿ ਹਰਿ ਦੇ ਵਡਿਆਈ॥
ਧੰਨੁ ਧੰਨੁ ਸਾਬਾਸਿ ਕਹੈ ਪ੍ਰਭੁ ਜਨ ਕਉ
ਜਨ ਨਾਨਕ ਮੇਲਿ ਲਏ ਗਲਿ ਲਾਈ॥
(ਗੁਰੂ ਗ੍ਰੰਥ ਸਾਹਿਬ, ਅੰਗ-493)[37]

ਹੁਣ ਪਰਮਾਤਮਾ ਤੋਂ ਮੰਗਣ ਦੀ ਜ਼ਰੂਰਤ ਨਹੀਂ ਰਹਿੰਦੀ ਕਿਉਂਕਿ ਉਹ ਆਪ ਮਨ ਦੀ ਜ਼ਰੂਰਤ ਜਾਣਦਾ ਹੈ।

ਵਿਣੁ ਬੋਲਿਆ ਸਭੁ ਕਿਛੁ ਜਾਣਦਾ ਕਿਸੁ ਆਗੈ ਕੀਚੈ ਅਰਦਾਸਿ॥

(ਗੁਰੂ ਗ੍ਰੰਥ ਸਾਹਿਬ, ਅੰਗ-1420)[38]

ਜਿਵੇਂ ਮਨੁੱਖ ਚਾਹੁੰਦਾ ਹੈ ਉਸਦੀ ਚਾਹਤ ਪੂਰੀ ਹੁੰਦੀ ਹੈ।

ਜੋ ਮਾਗਹਿ ਠਾਕੁਰ ਅਪੁਨੇ ਤੇ ਸੋਈ ਸੋਈ ਦੇਵੈ॥

ਨਾਨਕ ਦਾਸੁ ਮੁਖ ਤੇ ਜੋ ਬੋਲੈ ਈਹਾ ਉਹਾ ਸਚੁ ਹੋਵੈ॥

(ਗੁਰੂ ਗ੍ਰੰਥ ਸਾਹਿਬ,ਅੰਗ-681)[39]

ਇਸ ਤਰ੍ਹਾਂ ਮਨੁੱਖ ਨੂੰ ਆਪਣੀ ਪੱਤ ਢੱਕਣ ਲਈ ਪ੍ਰੇਮ, ਸਤਿਕਾਰ ਤੇ ਸਵੈ-ਆਜ਼ਾਦੀ ਦਾ ਮੌਕਾ ਮਿਲਿਆ ਤੇ ਉਹ ਆਪਣੀ ਹੋਣੀ ਤੋਂ ਸੁਰਖਰੂ ਹੋ ਗਿਆ।

## ਹਵਾਲੇ

1. ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ-330
2. ਸ੍ਰੀ ਗੁਰੂ ਗ੍ਰੰਥ ਸਾਹਿਬ,ਅੰਗ-1428
3. ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ-921
4. ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ-182
5. ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ-121
6. ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ-1169
7. ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ-989
8. ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ-510
9. ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ-31

10. ਸ੍ਰੀ ਗੁਰੂ ਗ੍ਰੰਥ ਸਾਹਿਬ,ਅੰਗ-47

11. ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ-222

12. ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ-182

13. ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ-43

14. ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ-142

15. ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ-662

16. ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ-1382

17. ਭਾਈ ਗੁਰਦਾਸ ਜੀ ਦੀ ਪਹਿਲੀ ਵਾਰ

18. ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ-722

19. ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ-722

20. ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ-663

21. ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ-471

22. ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ-471

23. ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ-560

24. ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ-1

25. ਭਾਈ ਗੁਰਦਾਸ ਜੀ ਵਾਰ

26. ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ-274

27. ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ-891

28. ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ-891

**International Journal of Research in Social Sciences**
Vol. 9 Issue 2, February 2019,
ISSN: 2249-2496 Impact Factor: 7.081
Journal Homepage: http://www.ijmra.us, Email: editorijmie@gmail.com
Double-Blind Peer Reviewed Refereed Open Access International Journal - Included in the International Serial Directories Indexed & Listed at: Ulrich's Periodicals Directory ©, U.S.A., Open J-Gate as well as in Cabell's Directories of Publishing Opportunities, U.S.A

29. ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ-939

30. ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ-1059

31. ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ-535

32. ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ-1352

33. ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ-453

34. ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ-1396

35. ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ-699

36. ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ-1193

37. ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ-493

38. ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ-1420

39. ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ-681